# ਜ਼ਰੂਰੀ ਸੂਚਨਾ

ਵਿਸ਼ਾ: ਸੈਸ਼ਨ 2018-19 ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਹੋਣ ਵਾਲੇ ਅਨੁਸੂਚਿਤ ਜਾਤੀਆਂ/ਪੱਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦੇ ਫਾਰਮ ਆਨ-ਲਾਈਨ ਅਪਲਾਈ ਕਰਨ ਸਬੰਧੀ।

1. ਵਿਭਾਗ ਦੇ ਪ੍ਰਾਸਪੈਕਟਸ ਅਨੁਸਾਰ ਆਮਦਨ ਸਰਟੀਫਿਕੇਟ ਨੋਟਰੀ/ਮੈਜੀਸਟ੍ਰੇਟ ਪਾਸੋ ਤਸਦੀਕ ਸੁਦਾ ਅਸਲ ਕਾਪੀ ਦੀ ਮੰਗ ਕੀਤੀ ਗਈ ਸੀ ਪ੍ਰੰਤੂ ਸਰਕਾਰ ਵੱਲੋਂ ਪ੍ਰਾਪਤ ਨਵੀਆਂ ਹਦਾਇਤਾਂ ਅਨੁਸਾਰ ਆਨ ਲਾਈਨ ਅਪਲਾਈ ਕਰਨ ਸਮੇਂ ਵਿਦਿਆਰਥੀ ਆਮਦਨ ਸਰਟੀਫਿਕੇਟ ਨੋਟਰੀ ਦੀ ਥਾਂ ਤੇ ਸਬੂਤ ਵਜੋਂ ਪਿਤਾ/ਪਤੀ ਵੱਲੋਂ ਸਾਰੇ ਵਸੀਲਿਆਂ ਤੋਂ ਆਮਦਨ ਦੱਸਦੇ ਹੋਏ, ਆਮਦਨ ਸਰਟੀਫਿਕੇਟ (ਤਹਿਸੀਲਦਾਰ/ਮਜੀਸਟ੍ਰੇਟ ਦੁਆਰਾ ਜਾਰੀ ਕੀਤਾ ਹੋਇਆ) ਅਸਲ ਦੇਣਗੇ। ਨੌਕਰੀ ਸ਼ੁਦਾ/ਪੈਨਸ਼ਨਰ, ਮਾਪੇ/ਸ੍ਰਰਪਰਸਤ ਆਪਣੇ ਵਿਭਾਗ ਦੇ ਮੁਖੀ ਤੋਂ ਆਮਦਨ ਸਬੰਧੀ ਸਰਟੀਫਿਕੇਟ ਦੇਣਗੇ ਅਤੇ ਕਿਸੇ ਹੋਰ ਵਸੀਲੇ ਤੋਂ ਵਾਧੂ ਆਮਦਨ, ਬਾਰੇ ਸਰਟੀਫਿਕੇਟ ਵੀ ਦੇਣਗੇ। ਜੇਕਰ ਆਮਦਨ ਸਰਟੀਫਿਕੇਟ ਪਿਤਾ/ਪਤੀ ਦੀ ਥਾਂ ਤੇ ਕਿਸੇ ਹੋਰ ਵਲੋਂ ਦਿੱਤਾ ਜਾਂਦਾ ਹੈ ਤਾਂ ਪਿਤਾ/ਪਤੀ ਵਲੋਂ ਨਾ ਆਮਦਨ ਸਰਟੀਫਿਕੇਟ ਦੇਣ ਦੇ ਕਾਰਣ ਦਾ ਸਬੂਤ ਨਾਲ ਲਗਾਇਆ ਜਾਵੇ। ਆਮਦਨ ਸਰਟੀਫਿਕੇਟ ਸਾਲ 2018-19 ਦਾ ਹੀ ਹੋਣਾ ਚਾਹੀਦਾ ਹੈ।

ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨਾਲ ਸਬੰਧਤ ਹੋਰ ਦਸਤਾਵੇਜਾਂ ਦੀ ਲਿਸਟ ਪ੍ਰਾਸਪੈਕਟਸ ਦੇ ਪੰਨਾ ਨੰਬਰ 31 ਜੋ ਵਿਭਾਗ ਦੀ ਵੈਬ-ਸਾਈਟ www.dccpbi.com ਤੇ ਉਪਲੱਬਧ ਹੈ ਵੇਖੀ ਜਾ ਸਕਦੀ ਹੈ। ਫਾਰਮ ਆਨ-ਲਾਈਨ ਜਮ੍ਹਾਂ ਕਰਵਾਉਣ ਸਬੰਧੀ ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਅਖਬਾਰਾਂ ਜਿਵੇਂ ਅਜੀਤ, ਜੱਗਬਾਣੀ ਆਦਿ ਵਿਚ ਮਿਤੀ 30-09-2018 ਨੂੰ ਵਿਗਿਆਪਨ ਵੀ ਦਿੱਤਾ ਗਿਆ ਹੈ।

ਸਹੀ

ਇੰਚਾਰਜ਼(ਪੀ.ਐਮ.ਐਸ)-ਡੀ.ਈ.